## ਜੇ ਮੇਰੇ ਮਨ ਵਿਚ ਸਵਾਲ ਹੋਣ ਤਾਂ ਕਿਸ ਨੂੰ ਫੋਨ ਕਰ ਸਕਦਾ/ਸਕਦੀ ਹਾਂ?

- ਤੁਸੀਂ ਕਿਸੇ ਵੀ ਪਬਲਿਕ ਹੈਲਥ ਯੂਨਿਟ ਨੂੰ ਫੋਨ ਕਰ ਸਕਦੇ ਹੋ ਅਤੇ ਟੀਕਿਆਂ (ਇਮਿਊਨਾਈਜ਼ੇਸ਼ਨ) ਬਾਰੇ ਕਿਸੇ ਨਰਸ ਨਾਲ ਗੱਲ ਕਰਨ ਲਈ ਕਹਿ ਸਕਦੇ ਹੋ। ਪਬਲਿਕ ਹੈਲਥ ਨਰਸਾਂ ਟੀਕਿਆਂ ਬਾਰੇ ਸਲਾਹ ਅਤੇ ਸੇਵਾਵਾਂ ਦਿੰਦੀਆਂ ਹਨ
- ਤੁਹਾਡਾ ਫੈਮਿਲੀ ਡਾਕਟਰ, ਨਰਸ ਪ੍ਰੈਕਟੀਸ਼ਨਰ, ਫਾਰਮਾਸਿਸਟ ਜਾਂ ਹੈਲਥਲਿੰਕ ਬੀ ਸੀ ਵਿਚ ਨਰਸ ਵੀ ਟੀਕਿਆਂ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦੇ ਹਨ

## ਕੀ ਤੁਸੀਂ ਜਾਂ ਤੁਹਾਡਾ ਪਰਿਵਾਰ ਦੁਬਾਰਾ ਆਪਣੇ ਪਿਛਲੇ ਦੇਸ਼ ਨੂੰ ਜਾ ਰਹੇ ਹੋ?

- ਉਨ੍ਹਾਂ ਹੋਰ ਟੀਕਿਆਂ ਬਾਰੇ ਸਲਾਹ ਲੈਣ ਲਈ ਕਿਸੇ ਟਰੈਵਲ ਕਲੀਨਿਕ ਨਾਲ ਸੰਪਰਕ ਕਰੋ ਜਿਨ੍ਹਾਂ ਦੀ ਤੁਹਾਡੇ ਪਰਿਵਾਰ ਨੂੰ ਲੋੜ ਹੋ ਸਕਦੀ ਹੈ
- ਬੀ ਸੀ ਵਿਚ ਟਰੈਵਲ ਕਲੀਨਿਕਾਂ ਦੀ ਲਿਸਟ ਲੈਣ ਲਈ ਇਸ ਵੈੱਬਸਾਈਟ 'ਤੇ ਜਾਉ: www.immunizebc.ca/get-vaccinated/travel-vaccinations



**ਜ਼ਿਆਦਾ ਜਾਣਕਾਰੀ ਲਈ ਇਸ ਵੈੱਬਸਾਈਟ 'ਤੇ ਜਾਉ:**

**ImmunizeBC.ca**

**811 ਨੂੰ ਫੋਨ ਕਰੋ**

ਹੈਲਥਲਿੰਕ ਬੀ ਸੀ 24 ਘੰਟੇ ਮੁਫਤ ਸਿਹਤ ਸਰਵਿਸ ਪ੍ਰਦਾਨ ਕਰਦਾ ਹੈ। ਜੇ ਲੋੜ ਹੋਵੇ ਤਾਂ ਕੋਈ ਦੋਭਾਸ਼ੀਆ ਤੁਹਾਡੀ ਮਦਦ ਕਰ ਸਕਦਾ ਹੈ।

ਫਸਟ ਨੇਸ਼ਨਜ਼ ਹੈਲਥ: **www.fnha.ca**

ਫਰੇਜ਼ਰ ਹੈਲਥ: **www.fraserhealth.ca**

ਆਈਲੈਂਡ ਹੈਲਥ: **www.viha.ca**

ਇਨਟੀਰੀਅਰ ਹੈਲਥ: **www.interiorhealth.ca**

ਨੌਰਦਰਨ ਹੈਲਥ: **www.northernhealth.ca**

ਵੈਨਕੂਵਰ ਕੋਸਟਲ ਹੈਲਥ: **www.vch.ca**

**ਮੇਰੇ ਨੋਟ:**

ਮੇਰਾ ਫੈਮਿਲੀ ਡਾਕਟਰ ਅਤੇ ਫੋਨ ਨੰਬਰ ਹੈ:

..............................................................................

..............................................................................

..............................................................................

ਮੇਰਾ ਪਬਲਿਕ ਹੈਲਥ ਯੂਨਿਟ ਅਤੇ ਫੋਨ ਨੰਬਰ ਹੈ:

..............................................................................

..............................................................................

..............................................................................

Just Moved Here? [Punjabi]

# ਇੱਥੇ ਨਵੇਂ ਆਏ ਹੋ?



## ਕੀ ਤੁਹਾਡੇ ਬੱਚੇ ਦੇ ਪੂਰੇ ਟੀਕੇ ਲੱਗੇ ਹੋਏ ਹਨ?

**ਇਨ੍ਹਾਂ ਚੀਜ਼ਾਂ ਬਾਰੇ ਜਾਣਨ ਲਈ ਬਰੋਸ਼ਰ ਪੜ੍ਹੋ:**

- ਤੁਹਾਡੇ ਬੱਚੇ ਦਾ ਟੀਕਿਆਂ ਦਾ ਰਿਕਾਰਡ
- ਉਹ ਟੀਕੇ ਜਿਨ੍ਹਾਂ ਦੀ ਤੁਹਾਡੇ ਬੱਚੇ ਨੂੰ ਲੋੜ ਹੋ ਸਕਦੀ ਹੈ
- ਟੀਕੇ ਕਿੱਥੋਂ ਲਵਾਉਣੇ ਹਨ
- ਸਵਾਲਾਂ ਲਈ ਕਿਸ ਨੂੰ ਫੋਨ ਕਰਨਾ ਹੈ

British Columbia | ImmunizeBC

# ਆਪਣੇ ਬੱਚੇ ਦੇ ਟੀਕਿਆਂ ਦੇ ਰਿਕਾਰਡ ਨੂੰ ਚੈੱਕ ਕੀਤੇ ਜਾਣ ਲਈ ਪਬਲਿਕ ਹੈਲਥ ਯੂਨਿਟ ਲੈ ਕੇ ਜਾਉ।

## ਮੇਰੇ ਬੱਚੇ ਦਾ ਰਿਕਾਰਡ ਚੈੱਕ ਕੀਤੇ ਜਾਣ ਦੀ ਕਿਉਂ ਲੋੜ ਹੈ?

- ਇਹ ਦੇਖਣ ਲਈ ਕਿ ਤੁਹਾਡੇ ਬੱਚੇ ਦੇ ਕਿਹੜੇ ਟੀਕੇ ਲੱਗੇ ਹਨ
- ਬਚਪਨ ਵਿਚ ਲੱਗਣ ਵਾਲੇ ਆਮ ਟੀਕੇ ਤੁਹਾਡੇ ਪਿਛਲੇ ਦੇਸ਼ ਜਾਂ ਸੂਬੇ ਵਿਚ ਵੱਖਰੇ ਹੋ ਸਕਦੇ ਹਨ
- ਨੇਮ ਨਾਲ ਲੱਗਣ ਵਾਲਾ ਜੇ ਕੋਈ ਟੀਕਾ ਨਾ ਲੱਗਾ ਹੋਵੇ ਤਾਂ ਉਹ ਤੁਹਾਡੇ ਬੱਚੇ ਦੇ ਲਵਾਉਣ ਦੀ ਸਿਫਾਰਸ਼ ਕੀਤੀ ਜਾਵੇਗੀ ਅਤੇ ਮੁਫਤ ਲਾਇਆ ਜਾਵੇਗਾ
- ਟੀਕਿਆਂ ਦਾ ਰਿਕਾਰਡ ਚੈੱਕ ਕਰ ਲਏ ਜਾਣ ਤੋਂ ਬਾਅਦ, ਜਾਣਕਾਰੀ ਤੁਹਾਡੇ ਬੱਚੇ ਦੇ ਇਲੈਕਟਰੌਨਿਕ ਹੈਲਥ ਰਿਕਾਰਡ ਵਿਚ ਪਾਈ ਜਾਂਦੀ ਹੈ। ਤੁਸੀਂ ਕਿਸੇ ਵੇਲੇ ਵੀ ਆਪਣੇ ਬੱਚੇ ਦੇ ਰਿਕਾਰਡ ਦੀ ਕਾਪੀ ਲੈ ਸਕਦੇ ਹੋ

## ਜੇ ਮੇਰੇ ਕੋਲ ਆਪਣੇ ਬੱਚੇ ਦੇ ਟੀਕਿਆਂ ਦਾ ਰਿਕਾਰਡ ਨਾ ਹੋਵੇ ਤਾਂ ਕੀ ਹੋਵੇਗਾ?

- ਆਪਣੇ ਬੱਚੇ ਦਾ ਰਿਕਾਰਡ ਆਪਣੇ ਪਿਛਲੇ ਦੇਸ਼ ਜਾਂ ਸੂਬੇ ਤੋਂ ਮੰਗਵਾਉਣ ਦੀ ਕੋਸ਼ਿਸ਼ ਕਰੋ
- ਬਿਨਾਂ ਰਿਕਾਰਡ ਜਾਂ ਕਿਸੇ ਬੀਮਾਰੀ ਦੇ ਸਬੂਤ ਵਾਲੇ ਬੱਚੇ ਨੂੰ ਬਿਨਾਂ ਟੀਕਿਆਂ ਵਾਲਾ ਅਤੇ ਅਣਸੁਰੱਖਿਅਤ ਸਮਝਿਆ ਜਾਂਦਾ ਹੈ
- ਬਿਹਤਰ ਸੁਰੱਖਿਆ ਪ੍ਰਦਾਨ ਕਰਨ ਲਈ ਤੁਹਾਡੇ ਬੱਚੇ ਨੂੰ ਖੁੰਝ ਗਏ ਟੀਕੇ ਲਵਾਉਣ ਲਈ ਕਿਹਾ ਜਾਵੇਗਾ

## ਆਪਣੇ ਬੱਚੇ ਦੇ ਰਿਕਾਰਡ ਨੂੰ ਕਿਸੇ ਸੁਰੱਖਿਅਤ ਥਾਂ 'ਤੇ ਰੱਖੋ

- ਸਦਾ ਆਪਣੇ ਬੱਚੇ ਦੇ ਟੀਕਿਆਂ ਦਾ ਤਾਜ਼ਾ ਰਿਕਾਰਡ ਰੱਖੋ
- ਡਾਕਟਰ ਕੋਲ ਹਰ ਵਾਰੀ ਜਾਣ ਵੇਲੇ ਆਪਣੇ ਬੱਚੇ ਦੇ ਟੀਕਿਆਂ ਦਾ ਰਿਕਾਰਡ ਆਪਣੇ ਨਾਲ ਲੈ ਕੇ ਜਾਉ ਤਾਂ ਜੋ ਤੁਹਾਡਾ ਡਾਕਟਰ ਇਸ ਨੂੰ ਭਰ ਸਕੇ
- ਆਪਣੇ ਬੱਚੇ ਨੂੰ ਡੇਅਕੇਅਰ, ਸਕੂਲ, ਸਮਰ ਕੈਂਪਸ ਅਤੇ ਕਾਲਜ ਜਾਂ ਯੂਨੀਵਰਸਿਟੀ ਲਈ ਰਜਿਸਟਰ ਕਰਵਾਉਣ ਵੇਲੇ ਤੁਹਾਨੂੰ ਬੱਚੇ ਦਾ ਰਿਕਾਰਡ ਦੇਣ ਲਈ ਕਿਹਾ ਜਾ ਸਕਦਾ ਹੈ

# ਸਾਰੇ ਟੀਕੇ ਸਮੇਂ ਸਿਰ ਲਵਾ ਕੇ ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ।

## ਬ੍ਰਿਟਿਸ਼ ਕੋਲੰਬੀਆ ਵਿਚ ਮੁਫਤ ਨੇਮ ਨਾਲ ਲੱਗਣ ਵਾਲੇ ਟੀਕੇ ਬੱਚਿਆਂ ਨੂੰ ਬਹੁਤ ਸਾਰੀਆਂ ਬੀਮਾਰੀਆਂ ਤੋਂ ਬਚਾਉਂਦੇ ਹਨ:

- ✔ ਡਿਫਥੀਰੀਆ (ਗਲਘੋਟੂ ਰੋਗ)
- ✔ *ਹੀਮੋਫੀਲਸ ਇਨਫਲੂਐਂਜ਼ੇ* ਟਾਈਪ ਬੀ (ਹਿਬ)
- ✔ ਹੈਪਾਟਾਈਟਸ ਬੀ
- ✔ ਹਿਊਮਨ ਪਾਪੀਲੋਮਾਵਾਇਰਸ (ਐੱਚ ਪੀ ਵੀ)
- ✔ ਇਨਫਲੂਐਂਜ਼ਾ (ਫਲੂ)
- ✔ ਮਨਿੰਗਾਕੋਕਲ ਡਿਜ਼ੀਜ਼
- ✔ ਨਿਊਮੋਕੋਕਲ ਡਿਜ਼ੀਜ਼
- ✔ ਮੀਜ਼ਲਜ਼ (ਖਸਰਾ)
- ✔ ਮੰਪਸ (ਕੰਨ-ਪੇੜੇ)
- ✔ ਪਰਟੂਸਿਸ (ਕਾਲੀ ਖਾਂਸੀ)
- ✔ ਪੋਲੀਓ
- ✔ ਰੋਟਾਵਾਇਰਸ
- ✔ ਰੁਬੇਲਾ (ਜਰਮਨ ਖਸਰਾ)
- ✔ ਟੈਟਾਨੱਸ
- ✔ ਵੈਰੀਸੇਲਾ (ਚਿਕਨਪੌਕਸ)

## ਜੇ ਮੇਰੇ ਬੱਚੇ ਦੇ ਸਾਰੇ ਸਿਫਾਰਸ਼ਸ਼ੁਦਾ ਟੀਕੇ ਨਾ ਲੱਗੇ ਹੋਣ ਤਾਂ ਕੀ ਹੁੰਦਾ ਹੈ?

- ਤੁਹਾਡੇ ਬੱਚੇ ਨੂੰ ਗੰਭੀਰ ਅਤੇ ਕਦੇ ਕਦੇ ਜ਼ਿੰਦਗੀ ਨੂੰ ਖਤਰੇ ਵਿਚ ਪਾਉਣ ਵਾਲੀਆਂ ਬੀਮਾਰੀਆਂ ਲੱਗਣ ਦਾ ਖਤਰਾ ਹੁੰਦਾ ਹੈ। ਤੁਹਾਡੇ ਬੱਚੇ ਦੇ ਟੀਕੇ ਲਾ ਕੇ ਇਨ੍ਹਾਂ ਨੁਕਸਾਨਾਂ ਤੋਂ ਰੋਕਥਾਮ ਕੀਤੀ ਜਾ ਸਕਦੀ ਹੈ
- ਜੇ ਤੁਹਾਡੇ ਬੱਚੇ ਦੇ ਡੇਅਕੇਅਰ ਜਾਂ ਸਕੂਲ ਵਿਚ ਬੀਮਾਰੀ ਸ਼ੁਰੂ ਹੋ ਜਾਵੇ ਤਾਂ ਤੁਹਾਡੇ ਬੱਚੇ ਨੂੰ ਉਦੋਂ ਤੱਕ ਘਰ ਵਿਚ ਰਹਿਣ ਲਈ ਕਿਹਾ ਜਾ ਸਕਦਾ ਹੈ ਜਦ ਤੱਕ ਵਾਪਸ ਆਉਣਾ ਸੁਰੱਖਿਅਤ ਨਹੀਂ ਹੋ ਜਾਂਦਾ
- ਉਨ੍ਹਾਂ ਦੇ ਸਕੂਲ ਜਾਂ ਡੇਅਕੇਅਰ ਦੇ ਕਈ ਦਿਨ ਜਾਂ ਇੱਥੋਂ ਤੱਕ ਕਿ ਮਹੀਨੇ ਵੀ ਖੁੰਝ ਸਕਦੇ ਹਨ

# ਆਪਣੇ ਬੱਚੇ ਲਈ ਮੈਂ ਟੀਕਿਆਂ ਦੀ ਅਪੌਇੰਟਮੈਂਟ ਕਿੱਥੇ ਬਣਾ ਸਕਦਾ/ਸਕਦੀ ਹਾਂ?

## ਟੀਕੇ ਕੌਣ ਲਾਉਂਦਾ ਹੈ?

- ✔ ਪਬਲਿਕ ਹੈਲਥ ਨਰਸਾਂ
- ✔ ਨਰਸ ਪ੍ਰੈਕਟੀਸ਼ਨਰ
- ✔ ਡਾਕਟਰ
- ✔ ਫਾਰਮਾਸਿਸਟ (5 ਸਾਲ ਅਤੇ ਵੱਡੀ ਉਮਰ ਦੇ ਬੱਚਿਆਂ ਦੇ ਟੀਕੇ ਲਾ ਸਕਦੇ ਹਨ)

*ਬੀ ਸੀ ਭਰ ਵਿਚ ਸੇਵਾਵਾਂ ਵੱਖ ਵੱਖ ਹੋ ਸਕਦੀਆਂ ਹਨ।*

## ਅੱਜ ਹੀ ਅਪੌਇੰਟਮੈਂਟ ਲਈ ਫੋਨ ਕਰੋ!

ਆਪਣੇ ਨੇੜੇ ਦੇ ਪਬਲਿਕ ਹੈਲਥ ਯੂਨਿਟ ਦਾ ਪਤਾ ਲਾਉਣ ਲਈ ਸਾਡਾ ਪਬਲਿਕ ਹੈਲਥ ਯੂਨਿਟ ਫਾਈਂਡਰ ਵਰਤੋ। ਇਸ ਵੈੱਬਸਾਈਟ 'ਤੇ ਜਾਉ:

ImmunizeBC.ca/finder



**ਸਾਰੇ ਟੀਕੇ ਸਮੇਂ ਸਿਰ ਲਵਾ ਕੇ ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ। ਬਚਪਨ ਵਿਚ ਲੱਗਣ ਵਾਲੇ ਟੀਕਿਆਂ ਦੀ ਤਾਜ਼ਾ ਸਮਾਂ ਸੂਚੀ ਲਈ ਇਸ ਵੈੱਬਸਾਈਟ 'ਤੇ ਜਾਉ:**
**www.immunizebc.ca**